# ਗਲਤ ਧਾਰਨਾਵਾਂ ਨੂੰ ਦੂਰ ਕਰਨਾ

*ਜੇਕਰ ਤੁਹਾਡਾ ਵਪਾਰਕ ਸਹੂਲਤ (ਸਥਾਨ) ਜਨਤਾ ਲਈ ਖੁੱਲ੍ਹਾ ਹੈ, ਤਾਂ ਇਹ ਅਪਾਹਜ ਵਿਅਕਤੀਆਂ ਲਈ ਵੀ ਪਹੁੰਚਯੋਗ ਹੋਣਾ ਚਾਹੀਦਾ ਹੈ। ਇਹਨਾਂ ਮਿਆਰਾਂ ਬਾਰੇ ਗਲਤ ਧਾਰਨਾਵਾਂ ਤੁਹਾਨੂੰ ਤੁਹਾਡੀ ਸਹੂਲਤ ਦੀ ਪਾਲਣਾ ਬਾਰੇ ਅਨਿਸ਼ਚਿਤ ਬਣਾ ਸਕਦੀਆਂ ਹਨ। ਆਓ ਇਸ ਮਾਮਲੇ ਵਿੱਚ ਸਥਿਤੀ ਨੂੰ ਸਪਸ਼ਟ ਕਰੀਏ:*

**1990 ਦਾ ਅਮਰੀਕੀ ਅਪਾਹਜਤਾ ਐਕਟ (ADA)** ਇੱਕ ਸੰਘੀ ਨਾਗਰਿਕ ਅਧਿਕਾਰ ਕਾਨੂੰਨ ਹੈ ਜੋ ਅਪਾਹਜ ਵਿਅਕਤੀਆਂ ਨਾਲ ਵਿਤਕਰਾ ਹੋਣ ਤੇ ਰੋਕ ਲਗਾਉਂਦਾ ਹੈ, ਅਤੇ ਇਹ ਸਾਰੀਆਂ ਜਨਤਕ ਰਿਹਾਇਸ਼ਾਂ ਅਤੇ ਵਪਾਰਕ ਸਹੂਲਤਾਂ ਲਈ ਲਾਜ਼ਮੀ ਕਰਦਾ ਹੈ ਕਿ ਉਹ ਅਪਾਹਜ ਵਿਅਕਤੀਆਂ ਲਈ ਪਹੁੰਚਯੋਗ ਹੋਣ।

**ਕੈਲੀਫੋਰਨੀਆ ਬਿਲਡਿੰਗ ਕੋਡ ਵਿੱਚ ਉਸਾਰੀ ਨਾਲ** ਸਬੰਧਤ ਪਹੁੰਚਯੋਗਤਾ ਦੇ ਅਜਿਹੇ ਪ੍ਰਾਵਧਾਨ ਸ਼ਾਮਲ ਹਨ ਜੋ ਨਿਯਮਾਂ ਦੇ ਮੁਤਾਬਕ ਨਿਰਮਾਣ ਲਈ ਮਿਆਰ ਦੇ ਤੌਰ ਤੇ ਕੰਮ ਕਰਦੇ ਹਨ। ਕਿਸੇ ਵੀ ਸਹੂਲਤ ਦਾ ਨਿਯਮਾਂ ਦੇ ਮੁਤਾਬਕ ਹੋਣਾ, ਉਸਦੇ ਨਿਰਮਾਣ ਜਾਂ ਉਸ ਵਿੱਚ ਬਦਲਾਵ ਦੇ ਸਮੇਂ ਲਾਗੂ ਕੈਲੀਫੋਰਨੀਆ ਬਿਲਡਿੰਗ ਕੋਡ ਸੰਸਕਰਣ 'ਤੇ ਅਧਾਰਤ ਹੁੰਦਾ ਹੈ।

| ਧਾਰਨਾ | ਤੱਥ |
|---|---|
| ਮੇਰੇ ਕਾਰੋਬਾਰ ਨੂੰ ਨਿਯਮਾਂ ਦੀ ਪਾਲਣਾ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਇਹ ਇਮਾਰਤ ਪੁਰਾਣੀ ਹੈ। | **ਕੋਈ "ਸੇਫ ਹਾਰਬਰ" ਪ੍ਰਾਵਧਾਨ ਨਹੀਂ ਹਨ।**<br>"ਸੇਫ ਹਾਰਬਰ" ਉਹ ਧਾਰਨਾ ਹੈ ਜਿਸ ਮੁਤਾਬਕ ADA ਦੀਆਂ ਜ਼ਰੂਰਤਾਂ ਉਨ੍ਹਾਂ ਇਮਾਰਤਾਂ 'ਤੇ ਲਾਗੂ ਨਹੀਂ ਹੁੰਦੀਆਂ ਜਿਨ੍ਹਾਂ ਦਾ ਨਿਰਮਾਣ ADA ਦੀ ਸਥਾਪਨਾ ਤੋਂ ਪਹਿਲਾਂ ਕੀਤਾ ਗਿਆ ਸੀ। ਹਾਲਾਂਕਿ, ਇਹ ਸੱਚ ਨਹੀਂ ਹੈ। ਕਿਸੇ ਵੀ ਇਮਾਰਤ ਦੀ ਉਮਰ ਜਾਂ ਇਤਿਹਾਸਕ ਮਹੱਤਤਾ ਭਾਵੇਂ ਜੋ ਵੀ ਹੋਵੇ, ਜੇਕਰ ਇਹ ਜਨਤਾ ਲਈ ਖੁੱਲ੍ਹੀ ਹੈ, ਤਾਂ ਤੁਹਾਨੂੰ ਉਹਨਾਂ ਚੀਜ਼ਾਂ ਅਤੇ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਤੁਸੀਂ ਪੇਸ਼ ਕਰਦੇ ਹੋ।<br>ਇੱਕ ਸਰਟੀਫਾਈਡ ਐਕਸੈਸ ਸਪੈਸ਼ਲਿਸਟ (CASp) ਤੁਹਾਨੂੰ ਦੱਸ ਸਕਦਾ ਹੈ ਕਿ ਤੁਹਾਡੀ ਸਹੂਲਤ ਨੂੰ ਅਨੁਕੂਲ ਬਣਾਉਣ ਲਈ ਕਿਹੜੀਆਂ ਤਬਦੀਲੀਆਂ, ਜੇ ਕੋਈ ਬਦਲਾਵ ਜ਼ਰੂਰੀ ਹਨ, ਤਾਂ ਉਹ ਕਿਹੜੇ ਹਨ। |
| ਇਹ ਇਮਾਰਤ ਕਿਸੇ ਹੋਰ ਦੀ ਮਲਕੀਅਤ ਹੈ, ਇਸ ਲਈ ਮੈਂ ਉਲੰਘਣਾਵਾਂ ਲਈ ਜ਼ਿੰਮੇਵਾਰ ਨਹੀਂ ਹਾਂ। | **ਪਾਲਣਾ ਕਰਨਾ ਸਿਰਫ਼ ਮਕਾਨ ਮਾਲਕ ਦੀ ਜ਼ਿੰਮੇਵਾਰੀ ਨਹੀਂ ਹੈ।**<br>ਮਕਾਨ-ਮਾਲਕ ਅਤੇ ਕਿਰਾਏਦਾਰ ਦੋਵੇਂ ਹੀ ਕਿਸੇ ਸਹੂਲਤ ਦੇ ਜਨਤਕ ਖੇਤਰਾਂ ਦੀ ਪਹੁੰਚਯੋਗਤਾ ਲਈ ਜ਼ਿੰਮੇਵਾਰ ਅਤੇ ਜਵਾਬਦੇਹ ਹਨ। ਜੇਕਰ ਤੁਸੀਂ ਕੋਈ ਸਹੂਲਤ ਲੀਜ਼ 'ਤੇ ਜਾਂ ਕਿਰਾਏ 'ਤੇ ਲੈਂਦੇ ਹੋ, ਤਾਂ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਆਪਣੇ ਮਕਾਨ ਮਾਲਕ ਨਾਲ ਇੱਕ ਸਮਝੌਤਾ ਕਰੋ ਜਿਸ ਵਿੱਚ ਸਪਸ਼ਟ ਤੌਰ ਤੇ ਤੈਅ ਹੋਏ ਕਿ ਸਹੂਲਤ ਦੀਆਂ ਪਹੁੰਚਯੋਗ ਵਿਸ਼ੇਸ਼ਤਾਵਾਂ ਪ੍ਰਦਾਨ ਕਰਨ ਅਤੇ ਰੱਖ-ਰਖਾਅ ਲਈ ਕੌਣ ਜ਼ਿੰਮੇਵਾਰ ਹੋਏਗਾ।<br>ਲੀਜ਼ ਅਤੇ ਕਿਰਾਏ ਦੇ ਸਮਝੌਤਿਆਂ ਵਿੱਚ ਇਹ ਸਾਫ ਤੌਰ ਤੇ ਦੱਸਿਆ ਜਾਣਾ ਚਾਹੀਦਾ ਹੈ ਕਿ ਕੀ ਉਸ ਪ੍ਰਾਪਰਟੀ ਦਾ ਨਿਰੀਖਣ ਕਿਸੇ CASp ਦੁਆਰਾ ਕੀਤਾ ਗਿਆ ਸੀ, ਅਤੇ, ਜੇਕਰ ਅਜਿਹਾ ਹੈ, ਤਾਂ ਕੀ ਉਹ ਪ੍ਰਾਪਰਟੀ ਸਾਰੇ ਲਾਗੂ ਉਸਾਰੀ-ਸਬੰਧਤ ਪਹੁੰਚਯੋਗਤਾ ਮਿਆਰਾਂ ਦੀ ਪਾਲਣਾ ਕਰਦੀ ਹੈ ਜਾਂ ਨਹੀਂ। |
| ਮਿਆਰ ਹਮੇਸ਼ਾ ਬਦਲਦੇ ਰਹਿੰਦੇ ਹਨ, ਜਿਸ ਕਰਕੇ ਨਿਯਮਾਂ ਦੀ ਪਾਲਣਾ ਕਰਨਾ ਮੁਸ਼ਕਲ ਹੋ ਜਾਂਦਾ ਹੈ। | **ਤੁਹਾਡੀ ਸਹੂਲਤ ਲਈ ਉਸਾਰੀ ਦੇ ਮਿਆਰ ਨਹੀਂ ਬਦਲਦੇ।**<br>ਤੁਹਾਡੀ ਸਹੂਲਤ ਲਈ ਉਸਾਰੀ ਦੇ ਮਿਆਰ ਨਹੀਂ ਬਦਲਦੇ।<br>ADA ਨੂੰ ਵੀਹ ਸਾਲਾਂ ਤੋਂ ਵੱਧ ਸਮੇਂ ਵਿੱਚ ਸਿਰਫ਼ ਇੱਕ ਵਾਰ ਹੀ ਅੱਪਡੇਟ ਕੀਤਾ ਗਿਆ ਹੈ। ਹਾਲਾਂਕਿ ਕੈਲੀਫੋਰਨੀਆ ਬਿਲਡਿੰਗ ਕੋਡ ਵਿੱਚ ਨਿਯਮਿਤ ਤੌਰ 'ਤੇ ਸੋਧ ਕੀਤੀ ਜਾਂਦੀ ਹੈ, ਪਰ ਤੁਹਾਡੀ ਸਹੂਲਤ ਦੀ ਪਾਲਣਾ ਉਸ ਬਿਲਡਿੰਗ ਕੋਡ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ ਜਦੋਂ ਤੁਹਾਡੀ ਸਹੂਲਤ ਅਸਲ ਵਿੱਚ ਬਣਾਈ ਗਈ ਸੀ ਜਾਂ ਆਖਰੀ ਵਾਰ ਬਦਲੀ ਗਈ ਸੀ। ਕੋਈ ਅਜਿਹੀ ਸਹੂਲਤ ਜੋ ਪਹਿਲਾਂ ਨਿਯਮਾਂ ਦੇ ਮੁਤਾਬਕ ਸੀ, ਉਹ ਸਿਰਫ ਇਸਲਈ ਨਿਯਮਾਂ ਦੇ ਵਿਪਰੀਤ ਨਹੀਂ ਹੋ ਜਾਂਦੀ ਕਿਉਂਕਿ ਪਹੁੰਚਯੋਗਤਾ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਨੂੰ ਅੱਪਡੇਟ ਕੀਤਾ ਜਾਂਦਾ ਹੈ; ਹਾਲਾਂਕਿ, ਪਹੁੰਚਯੋਗ ਵਿਸ਼ੇਸ਼ਤਾਵਾਂ ਨੂੰ ਬਣਾਈ ਰੱਖਿਆ ਜਾਣਾ ਚਾਹੀਦਾ ਹੈ। |

DSA
DIVISION OF THE STATE ARCHITECT
DEPARTMENT OF GENERAL SERVICES

*ਵਧੇਰੇ ਜਾਣਕਾਰੀ ਲਈ ਅਤੇ ਆਪਣੇ ਇਲਾਕੇ ਦੇ CASp ਨੂੰ ਲੱਭਣ ਲਈ, https://www.dgs.ca.gov/DSA/Resources/CASp-Property-Inspection 'ਤੇ ਜਾਓ।*